# ਏਹੁ ਹਮਾਰਾ ਜੀਵਣਾ

## ਕੈਪਸੂਲ

29-6-96

ਉਹਨਾਂ ਨੇ ਹੁਕਮ ਦੇ ਬੱਧਿਆਂ ਐਕਸ਼ਨ ਕੀਤਾ। ਇਕ ਟੱਬਰ ਦੇ ਸੱਤ ਜੀਅ ਖਤਮ ਕਰ ਦਿੱਤੇ ਤੇ ਫੇਰ ਆਪਣੇ-ਆਪਣੇ ਟਿਕਾਣਿਆਂ 'ਤੇ ਚਲੇ ਗਏ। ਉਹ ਆਪਣੇ ਪੱਤਰਕਾਰ ਦੋਸਤ ਦੇ ਘਰ ਚਲਿਆ ਗਿਆ। ਇਸ ਪੱਤਰਕਾਰ ਦੋਸਤ ਨੇ ਗੱਲਾਂ-ਗੱਲਾਂ ਵਿਚ ਕਈ ਵਾਰੀ ਕਿਹਾ ਸੀ ਕਿ ਖਾੜਕੂ ਨੌਜਵਾਨ ਜੇਕਰ ਕਦੀ ਉਹ ਦ੍ਰਿਸ਼ ਵੇਖਣ ਜੋ ਉਹਨਾਂ ਦੇ ਐਕਸ਼ਨ ਦੇ ਬਾਅਦ ਹੋਂਦ 'ਚ ਆਉਂਦਾ ਹੈ ਤਾਂ ਉਹ ਮਨੁੱਖਤਾ ਦੇ ਨਾਤੇ ਹੀ ਇਹ ਰਾਹ ਛੱਡ ਦੇਣ। ਪੱਤਰਕਾਰ ਦੋਸਤ ਨੂੰ ਫੋਨ ਤੇ ਉਸ ਵਾਰਦਾਤ ਦੀ ਖਬਰ ਮਿਲ ਚੁੱਕੀ ਸੀ। ਉਹ ਵਾਰਦਾਤ ਵਾਲੀ ਥਾਂ 'ਤੇ ਜਾ ਰਿਹਾ ਸੀ। ਦੋਸਤ ਨੇ ਉਹਨੂੰ ਵੀ ਚੱਲਣ ਲਈ ਕਿਹਾ। ਉਹ ਪ੍ਰੈਸ ਫੋਟੋਗ੍ਰਾਫਰ ਦੇ ਤੌਰ 'ਤੇ ਉਹਦੇ ਨਾਲ ਜਾ ਸਕਦਾ ਸੀ। ਉਹ ਵਾਰਦਾਤ ਵਾਲੀ ਥਾਂ 'ਤੇ ਪੁੱਜੇ। ਹੁਣ ਉਸ ਨੇ ਗਲ਼ ਵਿਚ ਕੈਮਰਾ ਪਾਇਆ ਹੋਇਆ ਸੀ, ਜਿੱਥੇ ਰਾਤੀਂ ਉਸਨੇ ਪਿਸਤੌਲ ਲਟਕਾਇਆ ਹੋਇਆ ਸੀ। ਉਹ ਪਹੁੰਚੇ ਪੁਲਸ ਹਾਲੇ ਆਈ ਨਹੀਂ ਸੀ। ਲਾਸ਼ਾਂ ਉਸੇ ਤਰ੍ਹਾਂ ਪਈਆਂ ਹੋਈਆਂ ਸਨ। ਇਕ ਬਜ਼ੁਰਗ ਚੌਫਾਲ ਡਿੱਗਿਆ ਹੋਇਆ ਸੀ। ਉਹਦੀ ਗੋਦੀ ਵਿਚ ਬੱਚਾ ਮਰਿਆ ਪਿਆ ਸੀ। ਉਹਦੀ ਛਾਤੀ ਚੋਂ ਨਿਕਲੇ ਖ਼ੂਨ ਨਾਲ ਬਜ਼ੁਰਗ ਦੀ ਦਾੜ੍ਹੀ ਰੰਗੀ ਹੋਈ ਸੀ। ਲਾਗੇ ਹੀ ਮਾਂ ਡਿੱਗੀ ਹੋਈ ਸੀ, ਜਿਵੇਂ ਬੱਚੇ ਵੱਲ ਅਹੁਲਦੀ ਹੋਵੇ। ਇਕ ਗੋਲੀ ਟੀ. ਵੀ. ਵਿਚ ਲੱਗੀ ਹੋਈ ਸੀ। ਭਾਂਡੇ ਇਧਰ-ਉਧਰ ਖਿੱਲਰੇ ਹੋਏ ਸਨ। ਉਸਨੂੰ ਯਾਦ ਆਇਆ ਜਦੋਂ ਉਹ ਆਏ ਸਨ ਤਾਂ ਟੱਬਰ ਟੀ. ਵੀ. ਵੇਖ ਰਿਹਾ ਸੀ। ਟੱਬਰ ਦੇ ਜੀਅ ਖਾਣਾ ਖਾ ਰਹੇ ਸਨ, ਹੱਸ ਰਹੇ ਸਨ। ਬੱਚਾ ਰੋ ਰਿਹਾ ਸੀ। ਹੁਣ ਸਭ ਕੁਝ ਖਤਮ ਸੀ। ਉਹ ਪਲ ਦੇ ਪਲ ਸੁੰਨ ਹੋ ਗਿਆ। ਇਹ ਉਹ ਪਲ ਸਨ ਜਦੋਂ ਕਿਸੇ ਮਨੁੱਖ ਨੂੰ ਆਪਣੇ ਕਿਸੇ ਕੀਤੇ ਉੱਤੇ ਏਨੀ ਪਸ਼ੇਮਾਨੀ ਹੁੰਦੀ ਹੈ ਕਿ ਉਹ ਅਹਿਸਾਸ ਕਰਦਾ ਹੈ ਕਿ ਹੁਣ ਜੀਣ ਦਾ ਕੋਈ ਹੱਲ ਨਹੀਂ। ਉਸਨੇ ਕੈਪਸੂਲ ਨਿਗਲ ਲਿਆ ਅਤੇ ਆਪਣੇ ਦੋਸਤ ਕੋਲ ਜਾ ਕੇ ਕਿਹਾ, "ਅੱਛਾ ਦੋਸਤਾ"! "ਠਹਿਰ ਜਾ" ਦੋਸਤ ਨੇ ਉਹਦਾ ਹੱਥ ਫੜ ਲਿਆ। "ਆਪਾਂ ਪੁਲਸ ਦੇ ਆਉਣ ਤੋਂ ਪਹਿਲਾਂ ਨਹੀਂ ਜਾ ਸਕਦੇ।"—ਪਰ ਉਹ ਉਸਦਾ ਹੱਥ ਛੁਡਾ ਕੇ ਡਿੱਗ ਪਿਆ।

ਦੋਸਤ ਸੋਚਦਾ ਹੈ—ਬੜਾ ਸੋਹਲ ਦਿਲ ਸੀ। ਭਿਆਨਕ ਦ੍ਰਿਸ਼ ਦਾ ਸਦਮਾ ਬਰਦਾਸ਼ਤ ਨਹੀਂ ਕਰ ਸਕਿਆ।

(ਅਮਨ ਗਿੱਲ ਦੀ ਕਹਾਣੀ 'ਮੌਤ ਤੋਂ ਕੁਝ ਕਦਮ ਅੱਗੇ' ਤੇ ਅਧਾਰਤ ਨਾਟਕ ਦਾ ਸਾਰੰਸ਼)

## ਸਾਨੂੰ ਵੀ ਸੁਪਨਾ ਆਇਆ ਹੈ

ਪਿੰਡ ਵਿਚ ਮੰਦਰ ਦੀ ਉਸਾਰੀ ਹੋ ਰਹੀ ਹੈ। ਲੋਕ ਆਪਣੀ ਵਿੱਤ ਅਨੁਸਾਰ ਉਹਦੇ ਵਿਚ ਹਿੱਸਾ ਪਾ ਰਹੇ ਹਨ। ਕਨਛੇਦੀ ਜਿਹੜਾ ਉਹਨਾਂ ਲੋਕਾਂ ਵਿਚੋਂ ਸੀ, ਜਿਹੜੇ ਮੁਰਦਾ ਡੰਗਰਾਂ ਦਾ ਚੰਮ ਲਾਂਹਦੇ ਹਨ। ਉਹਨੇ ਆਪਦੀ ਬਰਾਦਰੀ ਦੇ ਲੋਕਾਂ ਨੂੰ ਕਿਹਾ ਕਿ ਭਗਵਾਨ ਦੇ ਮੰਦਰ ਵਿਚ ਉਹਨਾਂ ਨੂੰ ਵੀ ਹਿੱਸਾ ਪਾਉਣਾ ਚਾਹੀਦਾ ਹੈ। ਉਹਨਾਂ ਨੇ ਕੁਝ ਰਕਮ ਇਕੱਠੀ ਕੀਤੀ ਤੇ ਪੰਡਤ ਜੀ ਨੂੰ ਦੇਣ ਗਏ। ਕੋਲ ਖੜ੍ਹੇ ਠਾਕੁਰਾਂ ਵਿਚੋਂ ਇਕ ਨੇ ਪੰਡਤ ਜੀ ਦੇ ਕੰਨ ਵਿਚ ਕੁਝ ਕਿਹਾ। ਪੰਡਤ ਜੀ ਕਨਛੇਦੀ ਅਤੇ ਉਹਦੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ :—

—ਭਾਈ ਬੰਧੂਓ, ਮੈਂ ਤੁਹਾਡੀ ਸ਼ਰਧਾ ਦਾ ਕਦਰਦਾਨ ਹਾਂ, ਪਰ.....

—ਪਰ ਕੀ ਪੰਡਤ ਜੀ?

—ਰਾਤੀਂ ਭਗਵਾਨ ਸਾਖਸ਼ਾਤ ਮੇਰੇ ਸੁਪਨੇ ਵਿਚ ਆਏ ਸਨ ਤੇ ਉਹਨਾਂ ਕਿਹਾ.......

—ਕੀ ਕਿਹਾ?

—ਸ਼ੁੱਧ ਕੰਮ ਵਿਚ ਅਸ਼ੁੱਧ ਕੰਮਾਂ ਦੀ ਕਮਾਈ ਨਹੀਂ ਲੱਗਣੀ ਚਾਹੀਦੀ।

ਕਨਛੇਦੀ ਤੇ ਸਾਥੀ ਮਾਯੂਸ ਹੋ ਕੇ ਵਾਪਸ ਆ ਗਏ। ਮੰਦਰ ਬਣ ਗਿਆ। ਪੰਡਤ ਜੀ ਮੰਦਰ ਦੇ ਅਹਾਤੇ ਵਿਚ ਰਹਿਣ ਲੱਗ ਪਏ। ਸਮਾਂ ਬੀਤਦਾ ਗਿਆ। ਹੋਣੀ ਦੇ ਚੱਕਰ ਵਿਚ ਇਕ ਰਾਤ ਪੰਡਤ ਜੀ ਦੀ ਗਾਂ ਮਰ ਗਈ। ਮੁਰਦਾ ਗਾਂ ਚੁੱਕਣ ਲਈ ਉਨ੍ਹਾਂ ਕਨਛੇਦੀ ਦੇ ਭਾਈਚਾਰੇ ਕੋਲ ਪਹੁੰਚ ਕੀਤੀ।

-ਪੰਡਤ ਜੀ, ਅਸੀਂ ਆਪ ਜੀ ਦੀ ਗਾਂ ਨਹੀਂ ਚੁੱਕ ਸਕਦੇ।

—ਕਿਉਂ ਭਗਤੋ?

—ਰਾਤੀਂ ਸਾਡੇ ਭਗਵਾਨ ਸਾਡੇ ਸੁਪਨੇ ਵਿਚ ਸਾਖਸ਼ਾਤ ਆਏ ਸਨ ਤੇ ਉਹਨਾਂ ਕਿਹਾ।

—ਕੀ ਕਿਹਾ?

—ਤੁਸੀਂ ਮੰਦਰ ਦੇ ਅਹਾਤੇ ਵਿਚ ਨਹੀਂ ਜਾਣਾ।

—ਭਲਾ ਭਗਵਾਨ ਤੁਹਾਡੇ ਸੁਪਨੇ ਵਿਚ ਕਿਸ ਤਰ੍ਹਾਂ ਆ ਗਏ?

—ਜਿਸ ਤਰ੍ਹਾਂ ਤੁਹਾਡੇ ਸੁਪਨੇ ਵਿਚ ਆ ਗਏ ਸਨ।

ਪੰਡਤ ਜੀ ਸੋਚ ਰਹੇ ਸਨ ਕਿ ਕੈਸੀ ਪੁੱਠੀ ਰੀਤ ਚੱਲ ਗਈ ਹੈ ਕਿ ਭਗਵਾਨ ਨੀਚਾਂ ਦੇ ਸੁਪਨਿਆਂ ਵਿਚ ਵੀ ਆਉਣ ਲੱਗ ਪਏ ਹਨ।

(ਡਾ. ਗੋਪਾਲ ਨਾਰਾਇਣ ਆਵਟੇ ਦੀ ਕਹਾਣੀ 'ਸੁਪਨਾ' 'ਤੇ ਅਧਾਰਤ ਨਾਟਕ ਦਾ ਸਾਰੰਸ਼)

—ਗੁਰਸ਼ਰਨ ਸਿੰਘ